# ਸੰਤ ਬੇਦੁ ਕਹੰਦਾ

**ਪਉੜੀ ॥**

**ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥**

**ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ॥**

ਇਹ, ਗਉੜੀ ਕੀ ਵਾਰ ਮਹਲਾ ੫ ਦੀ ਪੰਜਵੀਂ ਪਉੜੀ ਹੈ। ਇਹ, ਅੰਕ ੩੧੮ ਤੇ ਸੁਸ਼ੋਭਤ ਹੈ।

-- ਇਨ੍ਹਾਂ ਪੰਕਤੀਆਂ ਵਿਚ, ਪਾਤਸ਼ਾਹ ਫੁਰਮਾਣ ਕਰ ਰਹੇ ਹਨ ਕਿ ਸਾਧੂ ਜਨ, ਜਿਸ ਅਸਥਾਨ ਤੇ ਵੀ ਬਿਰਾਜਮਾਨ ਹੁੰਦੇ ਹਨ ਉਹ ਸੁੰਦਰ, ਪਵਿਤਰ ਹੋ ਜਾਂਦਾ ਹੈ। ਦੂਜੇ ਅਰਥਾਂ ਵਿਚ ਉਹ ਤੀਰਥ ਬਣ ਜਾਂਦਾ ਹੈ।

ਪੰਚਮ ਪਾਤਸ਼ਾਹ, ਪੰਨਾ ੮੨੮ ਤੇ, ਫ਼ੁਰਮਾਣ ਕਰਦੇ ਹਨ ਕਿ ਪਾਰਬ੍ਰਹਮ ਦੇ ਭਗਤ ਜਨ ਦੀ ਮਹਿਮਾ ਨਿਰਮਲ ਹੁੰਦੀ ਹੈ ਅਤੇ ਉਨ੍ਹਾਂ ਦੇ ਚਰਣ, ਗੰਗਾ ਵਰਗੇ ਕਰੋੜਾਂ ਤੀਰਥਾਂ ਸਮਾਨ ਹਨ, ਜਿਸ ਦੀ ਧੂੜ ਵਿਚ ਮਜਨ ਕਰਨ, ਚੁਭੀ ਲਾਉਣ ਨਾਲ ਕਈ ਜਨਮਾਂ ਦੇ ਕਲੰਕ, ਪਾਪ ਹਰੇ ਹੋ ਜਾਂਦੇ ਹਨ, ਧੋਤੇ ਜਾਂਦੇ ਹਨ - 'ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ॥ ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ॥' ਪਾਤਸ਼ਾਹ ਹੋਰ ਫ਼ੁਰਮਾਣ ਕਰਦੇ ਹਨ ਕਿ ਜਿਥੇ ਵਾਹਿਗੁਰੂ ਦੇ ਸੰਤ, ਭਗਤ ਜਨ ਵਸਦੇ ਹੋਣ ਉਹ ਨਗਰ ਤਾਂ ਬੈਕੁੰਠ ਹੋ ਨਿਬੜਦੇ ਹਨ - 'ਬੈਕੁੰਠ ਨਗਰੁ ਜਹਾ ਸੰਤ ਵਾਸਾ॥', ਪੰਨਾ ੭੪੨, ਉਹ ਝੁਗੀ ਵੀ ਸੁਹਾਵੀ ਹੈ ਜਿਥੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ - 'ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥', ਪੰਨਾ ੭੪੫, ਉਹ ਧਰਤੀ ਅਕਾਸ਼ ਸੋਹਣੇ ਹੋ ਜਾਂਦੇ ਹਨ ਜਿਥੇ ਵਾਹਿਗੁਰੂ ਦਾ ਨਾਮ ਜਪਿਆ ਜਾਂਦਾ ਹੈ - 'ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ॥', ਪੰਨਾ ੧੨੪੭ ਅਤੇ ਜਿਥੇ ਮੇਰੇ ਠਾਕੁਰ ਵਾਹਿਗੁਰੂ ਦਾ ਕੋਈ ਸਿਮਰਨ ਕਰਦਾ ਹੈ ਉਸ ਨਗਰ ਵਿਚ ਸਭ ਸੁਖ ਅਨੰਦ ਆ ਵਸਦਾ ਹੈ - 'ਜਹਾਂ ਸਿਮਰਨੁ ਭਇਓ ਹੈ ਠਾਕੁਰ ਤਹਾਂ ਨਗਰ ਸੁਖ ਆਨੰਦ॥', ਅੰਕ ੧੨੦੪.

ਭਗਤ ਕਬੀਰ ਜੀ ਦੇ ਬਚਨ ਹਨ ਕਿ ਬਿੰਦ੍ਰਾਬਨ ਤਾਂ ਹੀ ਮਨ ਨੂੰ ਖਿਚ ਪਾਉਣ ਵਾਲਾ ਅਤੇ ਮੋਹ ਲੈਣ ਵਾਲਾ ਹੈ ਕਿਉਂਕਿ ਉਥੇ ਸ੍ਰੀ ਕ੍ਰਿਸ਼ਨ ਜੀ ਗਊਆਂ ਚਾਰਦੇ ਹਨ - 'ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ॥', ਪੰਨਾ ੩੩੮ ਅਤੇ ਜੋ ਕੋਈ ਭਗਤ ਜਨ ਪ੍ਰਭੂ ਦੇ ਨਾਮ ਦੇ ਰਾਮ ਸ਼ਬਦ ਦਾ ਉਚਾਰਣ ਕਰਦਾ ਹੈ ਉਸ ਦਾ ਮੁਖ ਵੀ ਧੰਨ ਹੋ ਜਾਂਦਾ ਹੈ, ਉਹ ਆਪ ਤਾਂ ਪਵਿਤਰ ਹੁੰਦਾ ਹੀ ਹੈ ਸਾਰਾ ਪਿੰਡ, ਨਗਰ ਵੀ ਪਵਿਤਰ ਹੋ ਜਾਂਦਾ ਹੈ - 'ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥ ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥', ਪੰਨਾ ੧੩੭੦.

-- ਇਹ ਇਸ ਲਈ ਹੁੰਦਾ ਹੈ ਕਿ ਉਹ ਸਾਧ ਜਨ, ਉਸ ਸਮਰੱਥ ਮਾਲਕ ਦੀ ਅਰਾਧਨਾ ਕਰਦੇ ਹਨ ਜਿਸ ਨਾਲ ਉਨ੍ਹਾਂ ਦੇ ਅੰਦਰੋਂ ਸਾਰੀ ਮਾਂਦਗੀ, ਬੁਰਿਆਈ ਖ਼ਤਮ ਹੋ ਚੁਕੀ ਹੁੰਦੀ ਹੈ।

ਪਾਤਸ਼ਾਹ ਦਾ ਹੋਰ ਥਾਈਂ ਫ਼ੁਰਮਾਣ ਹੈ ਕਿ ਜੋ ਕੋਈ ਵੀ ਪਰਮੇਸ਼ਰ ਦਾ ਅੰਮ੍ਰਿਤ ਮਈ ਨਾਮ ਜਪਦਾ ਹੈ, ਉਹ ਸਦਾ ਲਈ ਜੀਅ ਪੈਂਦਾ ਹੈ। ਅਜਿਹਾ ਬਖ਼ਸ਼ਿਸ਼ ਪ੍ਰਾਪਤ ਜਨ ਨਿਰਮਲ ਹੋ ਜਾਂਦਾ ਹੈ - 'ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥ ਜਿਸ ਨੋ ਕਰਮਿ ਪਰਾਪਤਿ

ਹੋਵੈ ਸੋ ਜਨੁ ਨਿਰਮਲ ਥੀਵੈ॥', ਪੰਨਾ ੬੧੬.

**ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ॥**

**ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ॥**

-- ਪੰਚਮ ਪਾਤਸ਼ਾਹ ਸਪੱਸ਼ਟ ਕਰਦੇ ਹਨ ਕਿ ਸੰਤ ਜਨ, ਆਪਣੀ ਰਚਨਾ, ਧਰਮ ਗ੍ਰੰਥਾਂ ਵਿਚ ਇਹੀ ਦਸਦੇ ਹਨ ਕਿ ਪਾਰਬ੍ਰਹਮ ਪਰਮੇਸ਼ਰ, ਪਾਪੀਆਂ ਦਾ ਵੀ ਉਧਾਰ ਕਰਣ ਵਾਲਾ ਹੈ।

ਭਾਵ, ਸੰਤ ਜਨ, ਆਪਣੇ ਗ੍ਰੰਥਾਂ ਵਿਚ ਪ੍ਰਭੂ ਦੀ ਸਿਫ਼ਤ ਸਲਾਹ ਹੀ ਉਚਾਰਣ ਕਰਦੇ ਹਨ। ਉਹ ਜੋ ਵੀ ਬਚਨ ਕਰਦੇ ਹਨ, ਉਹ ਸਹੀ ਹੁੰਦੇ ਹਨ।

-- ਭਗਤ ਜਨ ਇਹ ਵੀ ਦਸਦੇ ਹਨ ਕਿ ਵਾਹਗੁਰੂ ਦਾ ਸੁਭਾਅ ਹੈ, ਆਪਣੇ ਭਗਤਾਂ ਦੀ ਪੱਤ ਦੀ ਰਾਖੀ ਕਰਨਾ। ਪ੍ਰਭੂ ਦਾ ਇਹ ਸੁਭਾਅ ਜੁਗਾਂ ਜੁਗਾਂ ਤੋਂ ਵਰਤਦਾ ਆਇਆ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੪੫੧ ਤੇ, ਪ੍ਰਭੂ ਦੇ, ਭਗਤ ਵਛਲ ਵਾਲੇ ਸੁਭਾਅ ਦਾ ਵਰਤਾਰਾ ਜੁਗਾਂ ਤੋਂ ਚਲਦੇ ਆਉਣ ਬਾਰੇ ਵਰਣਨ ਕੀਤਾ ਹੈ ਕਿ ਕਿਵੇਂ ਗੁਰ-ਜੋਤਿ ਨੇ ਭਗਤ ਪ੍ਰਹਿਲਾਦ ਦੀ ਰਖਿਆ ਕੀਤੀ, ਕਿਵੇਂ ਪੰਡਤਾਂ ਨੂੰ ਪਿਠ ਦੇ ਕੇ ਦੇਹੁਰੇ ਨੇ, ਭਗਤ ਨਾਮਦੇਵ ਜੀ ਵਲ ਮੂੰਹ ਕਰ ਲਿਆ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥ ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਿਲਾਦੁ ਤਰਾਇਆ॥ ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥' ਇਸੇ ਬਿਰਦ ਬਾਰੇ, ਸ੍ਰੀ ਗੁਰੂ ਅਰਜਨ ਸਾਹਿਬ ਜੀ ਵੀ ਫ਼ੁਰਮਾਣ ਕਰਦੇ ਹਨ ਕਿ ਉਸ ਸਚੇ ਸਾਹਿਬ ਦੀ ਇਹ ਵਡੀ ਵਡਿਆਈ ਹੈ ਕਿ ਉਸ ਦਾ ਮੁਢ ਕਦੀਮਾ, ਆਦਿ ਕਾਲ ਤੋਂ ਹੀ ਇਹ ਵਰਤਾਰਾ ਰਿਹਾ ਹੈ ਕਿ ਉਹ ਸੰਤ ਜਨਾਂ ਦੀ ਇਜ਼ਤ ਦੀ ਰਾਖੀ ਕਰਦਾ ਆਇਆ ਹੈ- 'ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ॥ ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ॥', ਪੰਨਾ ੬੧੧.

**ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ॥੫॥**

-- ਪੰਜਵੇਂ ਨਾਨਕ ਨੂੰ ਤਾਂ ਇਕ, ਪ੍ਰਭੂ ਦਾ ਨਾਮ ਹੀ ਪਿਆਰਾ ਲਗਦਾ ਹੈ ਜੋ ਉਸ ਦੇ ਮਨ ਤਨ ਨੂੰ, ਭਾਵ, ਹਰ ਪਖੋਂ ਭਾਉਂਦਾ ਹੈ। ਪਾਤਸ਼ਾਹ, ੧੧੩੬ ਪੰਨੇ ਤੇ, ਸਿਧਾ ਸਿਧਾ ਫ਼ੁਰਮਾਣ ਕਰਦੇ ਹਨ ਕਿ ਨਾਨਕ ਦੇ ਘਰ, ਭਾਵ, ਗੁਰ-ਜੋਤਿ ਦੇ ਘਰਾਣੇ ਵਿਚ ਤਾਂ ਪ੍ਰਭੂ ਦਾ ਨਾਮ ਜਪਿਆ ਹੀ ਪਰਧਾਨ ਹੈ - 'ਨਾਨਕ ਕੈ ਘਰਿ ਕੇਵਲ ਨਾਮੁ॥' ਪੰਨਾ ੧੧੮੧ ਤੇ, ਫ਼ੁਰਮਾਣ ਕਰਦੇ ਹਨ ਕਿ ਨਾਨਕ ਸਿਰਫ਼ ਇਕ ਹੀ ਦਾਨ ਮੰਗਦਾ ਹੈ ਕਿ ਕਿਰਪਾ ਕਰਕੇ ਮੈਨੂੰ ਨਾਮ ਦੀ ਦਾਤ ਬਖਸ਼ ਦਿਓ - 'ਨਾਨਕੁ ਜਾਚੈ ਏਕੁ ਦਾਨੁ॥ ਕਰਿ ਕਿਰਪਾ ਮੋਹਿ ਦੇਹੁ ਨਾਮੁ॥'

ਸਮੁਚੇ ਸ਼ਬਦ ਵਿਚ ਵਾਹਗੁਰੂ ਦੇ ਨਾਮ ਜਪਣ ਦੀ ਅਤੇ ਨਾਮ ਜਪਣ ਵਾਲਿਆਂ ਦੀ, ਭਾਵ, ਸਾਧੂ ਜਨਾਂ ਦੀ ਸੰਗਤਿ ਦੀ ਮਹਿਮਾ ਗਾਈ ਗਈ ਹੈ। ਇਹੀ ਸਾਰੀ ਗੁਰਬਾਣੀ ਦਾ ਵਿਸ਼ਾ ਵੀ ਹੈ।

